੧ ਓ ਸ੍ਰੀ ਵਾਹਿਗੁਰੂਜੀਕੀਫਤਹ ॥

ਸੂਰਾ ਸੋ ਪਹਿਚਾਨੀਏ ਜੋ ਲੜੇ ਦੀਨ ਕੇ ਹੇਤ ।
ਪੁਰਜਾ ਪੁਰਜਾ ਕਟ ਮਹੈ ਕਬਹੂ ਨ ਛਾਡੈ ਖੇਤ॥

G-484

# ਜੀਵਨ

جیون

## ਸ੍ਰਦਾਰ ਦਲੀਪ ਸਿੰਘ ਜੀ

ਸ਼ਹੀਦ

## ਸ੍ਰੀ ਨਨਕਾਣਾ ਸਾਹਿਬ ਜੀ

ਕ੍ਰਿਤ

ਚਤਰ ਸਿੰਘ ਚੱਕ ਨੰ: ੧੨੯

ਪ੍ਰਕਾਸ਼ਕ

ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ

ਪੁਸਤਕਾਂ ਵਾਲੇ ਤੇ ਮਾਲਕ ਗੁਰਮਤ ਨੇਸ਼ਨਲ
ਏਜੰਸੀ ਬਜ਼ਾਰ ਮਾਈਸੇਵਾਂ ਸ੍ਰੀ ਅੰਮ੍ਰਿਤਸਰ ਜੀ

ਪਹਿਲੀ ਵੇਰੀ ੧੦੦੦ ਕੀਮਤ ॥)

ਸੰ:੨
੨੧੪੨੩
2040

੧ ਓ ਸਤਿਗੁਰਪ੍ਰਸਾਦਿ ॥

# ਜ਼ਰੂਰੀ ਬੇਨਤੀ

ਪਿਆਰੇ ਪਾਠਕ ਜੀ! ਦਾਸ ਕੋਈ ਇਤਹਾਸਕਾਰ ਨਹੀਂ, ਤੇ ਨਾਂ ਹੀ ਕੋਈ ਪ੍ਰਸਿਧ ਲਖਾਰੀ, ਕੇਵਲ ਗੁਰੂ ਪੰਥ ਦਾ ਇਕ ਨਮਾਣਾ ਵਿਦਿਆਰਥੀ ਹੋਣ ਦਾ ਮਾਨ ਰਖਦਾ ਹੈ। ਕਈ ਸਜਣਾਂ ਦੀ ਪ੍ਰੇਰਨਾ ਕਰਕੇ ਤੇ ਨਿਓਟਿਆਂ ਦੀ ਓਟ ਸਤਿਗੁਰੂ ਤੇ ਆਸ ਰਖਕੇ ਲੇਖਕ ਨੇ ਇਸ ਕਿਤਾਬੜੀ ਦੇ ਲਿਖਣ ਦਾ ਹੀਆ ਕੀਤਾ ਹੈ, ਭਾਵੇਂ ਅਗੇ ਕਦੇ ਏਹੋ ਜਹੇ ਕੰਮ ਨਾਲ ਵਾਹ ਨਹੀਂ ਪਿਆ। ਜਿਸਤਰਾਂ ਮੇਰੀ ਤੁਛ ਬੁਧੀ ਵਿਚ ਆਯਾ ਦਾਸ ਨੇ ਵਿੰਗੇ ਟੇਢੇ ਵਾਕਾਂ ਦਵਾਰਾ ਆਪਣੇ ਮਨ ਦੇ ਆਸ਼ਿਆਂ ਨੂੰ ਜਿਥੋਂ ਤੀਕ ਹੋ ਸਕਿਆ ਹੈ, ਪ੍ਰਗਟ ਕਰਨ ਦਾ ਸਿਰ ਤੋੜ ਯਤਨ ਕੀਤਾ ਹੈ। ਇਸ ਵਿਚ ਅਨੇਕਾਂ ਭੁਲਾਂ ਹੋਣਗੀਆਂ ਤੇ ਕਈ ਅਜੇਹੀਆਂ ਵੀ ਹੋਣਗੀਆਂ ਜੇਹੜੀਆਂ ਕਿ ਪੰਜਾਬੀ ਦੇ ਪ੍ਰਸਿਧ ਲਿਖਾਰੀਆਂ ਵਾਸਤੇ ਹਾਸੇ ਦਾ ਕਾਰਨ ਹੋਵਣਗੀਆਂ, ਇਸ ਬਾਬਤ ਲੇਖਕ ਸਰਬ ਪਾਠਕਾਂ ਪ੍ਰਤੀ ਬਿਨੈ ਕਰਦਾ ਹੈ ਜੋ ਅਨਜਾਨ ਜਾਣਕੇ ਭੁਲਾਂ ਨੂੰ ਅਨਡਿੱਠ ਕਰਨ ॥

੨. ਸ਼ਹੀਦ ਜੀ ਦੇ ਜੀਵਨ ਦੀ ਏਹ ਪੁਸਤਕ ਅਜੇ ਮੁਕੰਮਲ ਨਹੀਂ। ਜੋ ਕੁਝ ਹਾਲਾਤ ਦਾ ਪਤਾ ਮੈਨੂੰ ਲਗਾ ਹੈ ਤੇ ਜਿਸਤਰਾਂ ਓਹ ਮੈਨੂੰ ਦਸੇ ਗਏ ਹਨ ਲੇਖਕ ਨੇ ਦਰਜ

ਬੰਦ ਕਰਕੇ ਪਾਠਕਾਂ ਦੀ ਸੇਵਾ ਅਰਪਨ ਕਰਨ ਦੀ ਕੀਤੀ ਹੈ। ਸ਼ਹੀਦ ਸਰਦਾਰ ਜੀ ਦੇ ਜੀਵਨ ਦਾ ਕਾਫੀ ਹਿਸਾ ਅਜੇ ਹਨੇਰੇ ਵਿਚ ਹੈ । ਇਸ ਲਈ ਮੈਂ ਸਬ ਆਪਣੇ ਕਿਰਪਾਲੂ ਪਾਠਕਾਂ ਅਗੇ ਪ੍ਰਾਰਥਨਾਂ ਕਰਦਾ ਹਾਂ ਕਿ ਜਿਸ ਕਿਸੇ ਸਜਨ ਨੂੰ ਸਰਦਾਰ ਜੀ ਦੀ ਬਾਬਤ ਕੁਝ ਪਤਾ ਹੋਵੇ (ਜਿਸਦਾ ਹਾਲ ਇਸ ਪੁਸਤਕ ਵਿਚ ਨ ਆਯਾ ਹੋਵੇ) ਉਹ ਕਿਰਪਾ ਪੂਰਬਕ ਹੇਠ ਲਿਖੇ ਪਤੇ ਤੇ ਖਬਰ ਕਰਨ, ਤਾਂ ਜੋ ਖੋਜ ਕਰਕੇ ਦੂਸਰੇਐਡੀਸ਼ਨ ਵਿਚਵਾਧਾ ਕੀਤਾਜਾਵੇ।ਨਾਲ ਹੀ ਏਹ ਵੀ ਬਿਨੈ ਹੈ, ਕਿ ਕਈ ਹਾਲਤ ਅਜਿਹੇ ਵੀ ਹੋਣਗੇ, ਜਿਸ ਬਾਬਤ ਕਿ ਕਈ ਸਜਨਾਂ ਦੀ ਮੇਰੇ ਨਾਲ ਸੰਮਤੀ ਨ ਹੋਵੇਗੀ। ਇਸ ਸਨਬੰਧੀ ਵੀ ਦਾਸ ਉਨ੍ਹਾਂ ਅਗੇ ਪ੍ਰਾਰਥਨਾ ਕਰਦਾ ਹੈ, ਜੋ ਪਤਾ ਦੇਣ ਦੀ ਖੇਚਲ ਕਰਨ ਤਾਂ ਜੋ ਪੰਥ ਦੇ ਇਸ ਸਾਂਝੇ ਕੰਮ ਨੂੰ ਸੋਧਕੇ ਮੁਕੰਮਲ ਕੀਤਾ ਜਾਵੇ।

ਜਿਨ੍ਹਾਂ ਜਿਨ੍ਹਾਂ ਪ੍ਰੇਮੀਆਂ ਨੇ ਲੇਖਕ ਨੂੰ ਇਸ ਪੰਥਕ ਪੁਸਤਕ ਦੇ ਤਿਆਰ ਕਰਨ ਵਿਚ ਕਿਸੇ ਭਾਂਤ ਦੀ ਵੀ ਸਹਾਇਤਾ ਦਿਤੀ ਹੈ, ਦਾਸ ਉਹਨਾਂ ਦਾ ਦਿਲੋਂ ਹੋਕੇ ਧੰਨਵਾਦ ਕਰਦਾ ਹੈ, ਮਾਨ ਯੋਗ ਮਾਸਟਰ ਵਜ਼ੀਰ ਸਿੰਘ ਜੀ, ਸਰਦਾਰ ਸੁੰਦਰ ਸਿੰਘ ਜੀ ਸਾਹੋਵਾਲ, ਤੇ ਸ: ਬੂਟਾ ਸਿੰਘ ਜੀ ੨੦੪ ਚੱਕ ਦਾ ਜਿਨ੍ਹਾਂ ਨੇ ਆਪਣਾ ਬਹੁਤ ਸਾਰਾ ਕੀਮਤੀ ਵਕਤ ਹਰਜ ਕਰਕੇ ਦਾਸ ਨੂੰ ਹਾਲਾਤ ਖੋਜ ਕਰਨ ਵਿੱਚ ਢੇਰਸਾਰੀ ਮਦਦ ਦਿਤੀ ਹੈ ਦਾਸ ਉਹਨਾਂ ਦਾ ਤਨੋਂ ਮਨੋਂ ਹੋਕੇ ਧੰਨਵਾਧੀ ਹੈ ॥

ਪੰਥ ਰਤਨ ਮਾਸਟਰ ਸੁੰਦਰਸਿੰਘ ਜੀ ਲਾਇਲਪੁਰੀ ਜਿਨ੍ਹਾਂ ਨੇ ਦਾਸ ਦੀ ਨਮਾਣੀ ਬੇਨਤੀ ਨੂੰ ਪ੍ਰਵਾਨ ਕਰਕੇ



ਆਪਣਾ ਬਹੁਤ ਸਾਰਾ ਅਮੋਲਕ ਵਕਤ ਗੁਜ਼ਾਰਕੇ ਇਸ ਕਿਤਾਬੜੀ ਨੂੰ ਵੇਖਨ ਦੀ ਖੇਚਲ ਕੀਤੀ ਹੈ, ਤੇ ਸੋਧਤਾ ਕੀਤੀ ਹੈ। ਆਪਨੇ ਦਾਸ ਦੀ ਇਸ ਤੁੱਛ ਪੰਥਕ ਸੇਵਾ ਦੀ ਸਲਾਹਣਾ ਕਰਕੇ ਅਗੋਂ ਵਾਸਤੇ ਹੌਸਲਾ ਵਧਾਇਆ ਹੈ। ਦਾਸ ਇਸਦਾ ਇਵਜ ਦੇਣ ਤੋਂ ਅਸਮਰਥ ਹੈ।

ਲੇਖਕ:—

ਚਤਰ ਸਿੰਘ ਪਿੰਡ ਚੱਕ ਨੰ: ੧੨੯ ਰ. ਬ.

ਡਾ: ਖਾ: ਚੱਕ ਝੁਮਰਾ ਜ਼ਿਲਾ ਲਾਇਲਪੁਰ

**TO READ THE ENTIRE BOOK PLEASE CONTACT US:**


whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.